# ਸਮਾਜਿਕ ਸੁਰੱਖਿਆ ਭੱਤਾ ਸਕੀਮ

ਸਮਾਜਿਕ ਸੁਰੱਖਿਆ ਭੱਤਾ (ਐਸ.ਐਸ.ਏ.) (SSA) ਸਕੀਮ ਸਮਾਜਿਕ ਭਲਾਈ ਵਿਭਾਗ (ਐਸ.ਡਬਲਿਊ.ਡੀ.) (SWD) ਵੱਲੋਂ ਸੰਚਾਲਿਤ ਕੀਤੀ ਜਾਂਦੀ ਹੈ, ਅਤੇ ਇਸ ਵਿੱਚ ਬੁਢਾਪੇ ਸੰਬੰਧੀ ਭੱਤਾ, ਸਧਾਰਨ ਅਯੋਗਤਾ ਭੱਤਾ, ਉੱਚ ਅਯੋਗਤਾ ਭੱਤਾ, ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ, ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ, ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ ਸ਼ਾਮਲ ਹੈ।

ਐਸ.ਐਸ.ਏ. (SSA) ਸਕੀਮ ਇੱਕ ਗੈਰ-ਸਹਿਕਾਰੀ ਸਕੀਮ ਹੈ। ਬੁਢਾਪੇ ਸੰਬੰਧੀ ਭੱਤਾ ਅਤੇ ਅਯੋਗਤਾ ਭੱਤਾ, ਹਾਂਗ ਕਾਂਗ ਦੇ ਉਹਨਾਂ ਵਸਨੀਕਾਂ ਨੂੰ ਮਹੀਨਾਵਾਰ ਭੱਤਾ ਪ੍ਰਦਾਨ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ, ਜਿਨ੍ਹਾਂ ਦੀ ਉਮਰ 70 ਸਾਲ ਜਾਂ ਉਸ ਤੋਂ ਜ਼ਿਆਦਾ ਦੀ ਹੈ ਜਾਂ ਜੋ ਕਾਫੀ ਜ਼ਿਆਦਾ ਹੱਦ ਤੱਕ ਅਯੋਗ ਹਨ, ਤਾਂਕਿ ਬੁਢਾਪੇ ਜਾਂ ਅਯੋਗਤਾ ਤੋਂ ਪੈਦਾ ਹੋਣ ਵਾਲੀਆਂ ਉਹਨਾ ਦੀਆਂ ਖਾਸ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ ਅਤੇ ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ ਹਾਂਗ ਕਾਂਗ ਦੇ ਉਹਨਾਂ ਵਸਨੀਕਾਂ ਦੇ ਗੁਜ਼ਾਰੇ ਸੰਬੰਧੀ ਖਰਚਿਆਂ ਨੂੰ ਪੂਰਾ ਕਰਨ ਲਈ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਉਮਰ 65 ਸਾਲ ਜਾਂ ਉਸ ਤੋਂ ਜ਼ਿਆਦਾ ਹੈ ਅਤੇ ਜਿਨ੍ਹਾਂ ਨੂੰ ਆਪਣੇ ਖਰਚੇ ਪੂਰੇ ਕਰਨ ਲਈ ਵਿੱਤੀ ਸਹਾਇਤਾ ਦੀ ਲੋੜ ਹੈ। ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ ਵਿੱਚ ਬੁਢਾਪੇ ਸੰਬੰਧੀ ਭੱਤਾ, ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ ਅਤੇ ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ ਸ਼ਾਮਲ ਹੈ, ਜਿਸ ਤੇ ਤਹਿਤ ਹਾਂਗ ਕਾਂਗ ਦੇ ਉਹਨਾਂ ਯੋਗ ਵਸਨੀਕਾਂ ਨੂੰ ਮਹੀਨਾਵਾਰ ਭੱਤਾ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਗੁਆਂਗਡੋਂਗ (ਸਿਰਫ਼ ਗੁਆਂਗਡੋਂਗ ਸਕੀਮ ਲਈ ਲਾਗੂ ਹੋਣ ਯੋਗ) ਵਿੱਚ ਰਹਿਣ ਦੀ ਚੋਣ ਕੀਤੀ ਜਾਂ ਫੂਜਾਨ (ਸਿਰਫ਼ ਫੂਜਾਨ ਸਕੀਮ ਲਈ ਲਾਗੂ ਹੋਣ ਯੋਗ) ਵਿੱਚ ਰਹਿਣ ਦੀ ਚੋਣ ਕੀਤੀ।

ਅਯੋਗਤਾ ਭੱਤੇ ਅਤੇ ਬੁਢਾਪੇ ਸੰਬੰਧੀ ਭੱਤੇ (ਜਿਸ ਵਿੱਚ ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ ਦੇ ਅਧੀਨ ਬੁਢਾਪੇ ਸੰਬੰਧੀ ਭੱਤਾ ਵੀ ਸ਼ਾਮਲ ਹੈ) ਦੇ ਬਿਨੈਕਾਰਾਂ ਨੂੰ, ਜੋ ਕਿ ਐਸ.ਐਸ.ਏ. (SSA) ਸਕੀਮ ਦੇ ਅਧੀਨ ਹਨ, ਸਾਧਨ ਜਾਂਚ ਨੂੰ ਪੂਰਾ ਕਰਨ ਦੀ ਲੋੜ ਨਹੀਂ ਹੈ।

## ਯੋਗਤਾ ਮਾਪਦੰਡ

ਇੱਕ ਵਿਅਕਤੀ ਐਸ.ਐਸ.ਏ. (SSA) ਸਕੀਮ ਦੇ ਅਧੀਨ ਭੱਤਾ ਪ੍ਰਾਪਤ ਕਰਨ ਲਈ ਯੋਗ ਹੁੰਦਾ ਹੈ, ਜੇਕਰ ਉਹ:

(a) ਹੇਠਾਂ ਲਿੱਖੀਆਂ ਰਿਹਾਇਸ਼ ਸੰਬੰਧੀ ਲੋੜਾਂ ਨੂੰ ਪੂਰਾ ਕਰਦਾ/ਕਰਦੀ ਹੈ:

(1) ਉਸ ਲਈ ਘੱਟੋ ਘੱਟ ਪਿੱਛਲੇ ਸੱਤ ਸਾਲਾਂ ਤੋਂ ਹਾਂਗ ਕਾਂਗ ਦਾ ਵਸਨੀਕ ਹੋਣਾ ਲਾਜ਼ਮੀ ਹੈ; ਅਤੇ

(2) ਉਸ ਲਈ ਅਰਜ਼ੀ ਦੇਣ ਦੀ ਤਾਰੀਖ਼ ਤੋਂ ਤੁਰੰਤ ਪਹਿਲਾਂ ਘੱਟੋ ਘੱਟ ਇੱਕ ਸਾਲ ਲਈ ਲਗਾਤਾਰ ਹਾਂਗ ਕਾਂਗ ਵਿਖੇ ਰਿਹਾਇਸ਼ ਹੋਣੀ ਲਾਜ਼ਮੀ ਹੈ (ਇੱਕ-ਸਾਲ ਦੀ ਮਿਆਦ ਦੌਰਾਨ ਹਾਂਗ ਕਾਂਗ ਤੋਂ ਵੱਧ ਤੋਂ ਵੱਧ 56 ਦਿਨ ਦੀ ਗੈਰ ਹਾਜ਼ਰੀ ਨੂੰ ਹਾਂਗ ਕਾਂਗ ਵਿਖੇ ਰਿਹਾਇਸ਼ ਹੀ ਮੰਨਿਆ ਜਾਵੇਗਾ)।

ਨੋਟ ਕਰੋ: (i) ਉਹ ਵਿਅਕਤੀ ਜਿਨ੍ਹਾਂ ਦੀ ਹਾਂਗ ਕਾਂਗ ਵਿਖੇ ਰਿਹਾਇਸ਼ ਗੈਰ ਕਨੂੰਨੀ ਹੈ ਜਾਂ ਜਿਨ੍ਹਾਂ ਨੂੰ ਹਾਂਗ ਕਾਂਗ ਵਿਖੇ ਰਿਹਾਇਸ਼ ਦੇ ਉਦੇਸ਼ ਤੋਂ ਇਲਾਵਾ ਕਿਸੇ ਹੋਰ ਉਦੇਸ਼ ਨਾਲ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ (ਉਦਾਹਰਨ ਲਈ, ਆਯਾਤ ਕੀਤੇ ਕਾਮੇ ਜਾਂ ਸੈਲਾਨੀ), ਉਹਨਾਂ ਨੂੰ ਐਸ.ਐਸ.ਏ. (SSA) ਸਕੀਮ ਤੋਂ ਬਾਹਰ ਰੱਖਿਆ ਗਿਆ ਹੈ।

(ii) ਹਾਂਗ ਕਾਂਗ ਦੇ 18 ਸਾਲ ਤੋਂ ਘੱਟ ਉਮਰ ਦੇ ਵਸਨੀਕ ਜੋ ਅਯੋਗਤਾ ਭੱਤੇ ਲਈ ਅਰਜ਼ੀ ਦੇ ਰਹੇ ਹਨ, ਉਹਨਾਂ ਨੂੰ ਉੱਪਰ (1) ਅਤੇ (2) ਵਿਚ ਦਿੱਤੀਆਂ ਰਿਹਾਇਸ਼ ਸੰਬੰਧੀ ਲੋੜਾਂ ਤੋਂ ਛੋਟ ਦਿੱਤੀ ਗਈ ਹੈ।

(iii) ਇਹ ਨਿਰਧਾਰਿਤ ਕਰਨ ਲੱਗਿਆਂ ਕਿ ਬਿਨੈਕਾਰ ਨੇ ਅਰਜ਼ੀ ਦੇਣ ਤੋਂ ਤੁਰੰਤ ਪਹਿਲਾਂ ਘੱਟੋ ਘੱਟ ਇੱਕ ਸਾਲ ਲਈ ਲਗਾਤਾਰ ਹਾਂਗ ਕਾਂਗ ਵਿਖੇ ਰਿਹਾਇਸ਼ ਕੀਤੀ ਹੈ ਜਾਂ ਨਹੀਂ, ਪੂਰੇ ਸਮੇਂ ਦੀ ਪੜ੍ਹਾਈ ਦੀ ਵਜ੍ਹਾ ਨਾਲ ਹੋਣ ਵਾਲੀ ਗੈਰ ਹਾਜ਼ਰੀ ਨੂੰ (ਸਿਰਫ਼ ਅਯੋਗਤਾ ਭੱਤੇ ਦੇ ਬਿਨੈਕਾਰਾਂ ਦੇ ਲਈ) ਜਾਂ ਇੱਕ ਸਾਲ ਦੀ ਮਿਆਦ ਦੌਰਾਨ ਹਾਂਗ ਕਾਂਗ ਤੋਂ ਬਾਹਰ ਕੀਤੇ ਭੁਗਤਾਨਸ਼ੁਦਾ ਕੰਮ ਦੀ ਵਜ੍ਹਾ ਨਾਲ ਹੋਈ ਗੈਰ ਹਾਜ਼ਰੀ ਨੂੰ ਅਣਡਿੱਠ ਕਰਨ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ ਬਸ਼ਰਤੇ ਇਹਨਾਂ ਚੀਜ਼ਾਂ ਦਾ ਸਮਰਥਨ ਕਰਦਾ ਢੁਕਵਾਂ ਅਤੇ ਉਚਿਤ ਦਸਤਾਵੇਜ਼ੀ ਸਬੂਤ ਪੇਸ਼ ਕੀਤਾ ਜਾਵੇ। ਜਿੱਥੇ ਇੱਕ ਬਿਨੈਕਾਰ ਹਾਂਗ ਕਾਂਗ ਤੋਂ ਬਾਹਰ ਡਾਕਟਰੀ ਇਲਾਜ ਪ੍ਰਾਪਤ ਕਰਨ ਦੀ ਲੋੜ ਕਰਕੇ ਇੱਕ-ਸਾਲ ਦੀ ਮਿਆਦ ਦੌਰਾਨ 56 ਦਿਨਾਂ ਤੋਂ ਵੱਧ ਸਮੇਂ ਲਈ ਹਾਂਗ ਕਾਂਗ ਤੋਂ ਗੈਰ-ਹਾਜ਼ਰ ਰਿਹਾ ਹੋਵੇ, ਉਸ ਸਥਿਤੀ ਵਿੱਚ ਸਮਾਜਿਕ ਵਿਭਾਗ ਦੇ ਡਾਇਰੈਕਟਰ, ਉਸ ਵਿਆਕਤੀ ਲਈ 56 ਦਿਨਾਂ ਦੀ ਸੀਮਾ ਤੋਂ ਵੱਧ ਸਮੇਂ ਦੀ ਗੈਰ ਹਾਜ਼ਰੀ ਨੂੰ ਆਪਣੇ ਵਿਵੇਕ ਅਤੇ ਸੂਝ ਮੁਤਾਬਕ ਅਣਡਿੱਠ ਕਰਨ ਬਾਰੇ ਵਿਚਾਰ ਕਰ ਸਕਦੇ ਹਨ, ਬਸ਼ਰਤੇ ਕਿ ਹਾਂਗ ਕਾਂਗ ਦੇ ਬਾਹਰ ਪ੍ਰਾਪਤ ਕੀਤੇ ਗਏ ਡਾਕਟਰੀ ਇਲਾਜ ਦਾ ਕਾਰਨ ਅਤੇ ਸਬੂਤ ਸਥਾਪਤ ਕੀਤਾ ਜਾ ਸਕੇ।

(iv) ਹਾਂਗ ਕਾਂਗ ਤੋਂ ਗੈਰ-ਹਾਜ਼ਰੀ ਦਾ ਮਤਲਬ ਮੇਨਲੈਂਡ, ਮਕਾਓ ਜਾਂ ਵਿਦੇਸ਼ੀ ਦੇਸ਼ਾਂ/ਖੇਤਰਾਂ ਵਿੱਚ ਜਾਣ ਲਈ ਹਾਂਗ ਕਾਂਗ ਛੱਡਣਾ।

(b) ਭੁਗਤਾਨ ਪ੍ਰਾਪਤ ਕਰਨ ਦੌਰਾਨ ਹਾਂਗ ਕਾਂਗ (ਸਿਰਫ਼ ਬੁਢਾਪੇ ਸੰਬੰਧੀ ਭੱਤੇ/ਅਯੋਗਤਾ ਭੱਤੇ/ਬੁਢਾਪਾ ਕੱਟਣ ਸੰਬੰਧੀ ਭੱਤੇ ਦੇ ਲਾਗੂ ਹੋਣ ਯੋਗ)/ਗੁਆਂਗਡੋਂਗ (ਸਿਰਫ਼ ਗੁਆਂਗਡੋਂਗ ਸਕੀਮ ਲਈ ਲਾਗੂ ਹੋਣ ਯੋਗ)/ਫੂਜਾਨ (ਸਿਰਫ਼ ਫੂਜਾਨ ਸਕੀਮ ਲਈ ਲਾਗੂ ਹੋਣ ਯੋਗ) ਵਿਖੇ ਰਹਿਣਾ ਜਾਰੀ ਰੱਖਦਾ/ਰੱਖਦੀ ਹੈ;

(c) ਐਸ.ਐਸ.ਏ. (SSA) ਸਕੀਮ ਦੇ ਅਧੀਨ ਕੋਈ ਹੋਰ ਭੱਤਾ ਜਾਂ ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ ਸਕੀਮ ਦੇ ਅਧੀਨ ਕਿਸੇ ਹੋਰ ਕਿਸਮ ਦੀ ਸਹਾਇਤਾ ਪ੍ਰਾਪਤ ਨਹੀਂ ਕਰ ਰਿਹਾ/ਰਹੀ ਹੈ;

(d) ਕੰਨੂਨੀ ਤੌਰ 'ਤੇ ਹਿਰਾਸਤ ਵਿੱਚ ਨਹੀਂ ਲਿਆ/ਲਈ ਗਿਆ/ਗਈ ਹੈ ਜਾਂ ਕਿਸੇ ਦੰਡਾਤਮਕ ਸੰਸਥਾ ਵਿੱਚ ਦਾਖਲ ਨਹੀਂ ਕੀਤਾ ਗਿਆ/ਗਈ ਹੈ; ਅਤੇ

(e) ਵਿਅਕਤੀਗਤ ਭੱਤੇ ਦੁਆਰਾ ਲੋੜੀਂਦਾ ਹੇਠਾਂ ਦਿੱਤਾ ਯੋਗਤਾ ਮਾਪਦੰਡ ਪੂਰਾ ਕਰਦਾ/ਕਰਦੀ ਹੈ:

(1) ਬੁਢਾਪੇ ਸੰਬੰਧੀ ਭੱਤਾ

- ਉਸ ਦੀ ਉਮਰ 70 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ।

(2) ਸਧਾਰਨ ਅਯੋਗਤਾ ਭੱਤਾ

- ਉਹ ਸਿਹਤ ਡਾਇਰੈਕਟਰ ਜਾਂ ਹਸਪਤਾਲ ਅਥਾਰਟੀ ਦੇ ਪ੍ਰਧਾਨ ਕਾਰਜਕਾਰੀ (Chief Executive) (ਜਾਂ ਬਹੁਤ ਹੀ ਅਸਧਾਰਨ ਹਾਲਾਤਾਂ ਵਿੱਚ ਨਿੱਜੀ ਹਸਪਤਾਲ ਦੇ ਰਜਿਸਟਰਡ ਡਾਕਟਰ ਵੱਲੋਂ) ਵੱਲੋਂ ਆਪਣੀ ਗੰਭੀਰ ਅਯੋਗਤਾ ਲਈ ਪ੍ਰਮਾਣਿਤ ਹੋਵੇ; ਅਤੇ

- ਉਸਦੀ ਅਯੋਗਤਾ ਸੰਬੰਧੀ ਸਥਿਤੀ ਘੱਟੋ ਘੱਟ 6 ਮਹੀਨਿਆਂ ਲਈ ਜਾਰੀ ਹੋਵੇ।

(3) ਉੱਚ ਅਯੋਗਤਾ ਭੱਤਾ

- ਉੱਪਰ ਦਿੱਤੇ ਸਧਾਰਨ ਅਯੋਗਤਾ ਭੱਤੇ ਦੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਤੋਂ ਇਲਾਵਾ, ਉਹ ਵਿਅਕਤੀ ਸਿਹਤ ਡਾਇਰੈਕਟਰ ਜਾਂ ਹਸਪਤਾਲ ਅਥਾਰਟੀ ਦੇ ਪ੍ਰਧਾਨ ਕਾਰਜਕਾਰੀ (Chief Executive) (ਜਾਂ ਬਹੁਤ ਹੀ ਅਸਧਾਰਨ ਹਾਲਾਤਾਂ ਵਿੱਚ ਨਿੱਜੀ ਹਸਪਤਾਲ ਦੇ ਰਜਿਸਟਰਡ ਡਾਕਟਰ ਵੱਲੋਂ) ਵੱਲੋਂ ਇਸ ਲਈ ਪ੍ਰਮਾਣਿਤ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਦੇ ਕੰਮ ਕਰਨ ਲਈ ਹੋਰ ਲੋਕਾਂ 'ਤੇ ਨਿਰਭਰ ਹੈ ਅਤੇ ਇਸ ਲਈ ਉਸਦੇ ਨਾਲ ਹਮੇਸ਼ਾਂ ਕਿਸੇ ਹੋਰ ਦਾ ਹਾਜ਼ਰ ਹੋਣਾ ਲਾਜ਼ਮੀ ਹੈ; ਅਤੇ

- ਉਹ ਸਰਕਾਰ ਵੱਲੋ ਸਹਾਇਤਾ ਪ੍ਰਾਪਤ ਰਿਹਾਇਸ਼ੀ ਸੰਸਥਾਵਾਂ ਵਿੱਚ (ਜਿਸ ਵਿੱਚ ਅਲੱਗ ਅਲੱਗ ਖਰੀਦੀ ਹੋਈ ਥਾਂ ਸੰਬੰਧੀ ਸਕੀਮਾਂ ਦੇ ਅਧੀਨ ਮਾਲੀ ਸਹਾਇਤਾ ਪ੍ਰਾਪਤ/ਇਕਰਾਰਨਾਮੇ ਦੇ ਅਧੀਨ ਘਰ ਅਤੇ ਰਿਹਾਇਸ਼ੀ ਦੇਖਭਾਲ ਘਰਾਂ ਵਿਚਲੀਆਂ ਸਹਾਇਤਾ ਪ੍ਰਾਪਤ ਥਾਵਾਂ ਸ਼ਾਮਲ ਹਨ) ਜਾਂ ਹਸਪਤਾਲ ਅਥਾਰਟੀ ਦੇ ਅਧੀਨ ਸਾਰੇ ਸਰਕਾਰੀ ਹਸਪਤਾਲਾਂ ਅਤੇ ਸੰਸਥਾਵਾਂ ਵਿੱਚ ਦੇਖਭਾਲ ਪ੍ਰਾਪਤ, ਜਾਂ ਸਿੱਖਿਆ ਬਿਓਰੋ ਦੇ ਅਧੀਨ ਖਾਸ ਸਕੂਲਾਂ ਵਿੱਚ ਰਿਹਾਇਸ਼ <u>ਨਹੀਂ</u> ਕਰ ਰਿਹਾ/ਰਹੀ ਹੈ।

(4) ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ

- ਉਸ ਵਿਅਕਤੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ; ਅਤੇ

◆ ਉਸ ਵਿਅਕਤੀ ਅਤੇ/ਜਾਂ ਉਸਦੇ ਜੀਵਨਸਾਥੀ/ਸਹਿਵਾਸ ਕਰਨ ਵਾਲੇ ਸਾਥੀ (ਜੇਕਰ ਲਾਗੂ ਹੁੰਦਾ ਹੈ ਤਾਂ) ਪੰਨਾ 5 'ਤੇ ਨੋਟ ਦੇਖੋ ਦੀ ਮਹੀਨਾਵਾਰ ਆਮਦਨ ਅਤੇ ਸੰਪੱਤੀ ਨਿਰਦਿਸ਼ਟ ਕੀਤੀਆਂ ਸੀਮਾਵਾਂ ਤੋਂ ਜ਼ਿਆਦਾ <u>ਨਹੀਂ</u> ਹੋਣੀ ਚਾਹੀਦੀ।

(5) ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ

◆ ਉਸ ਵਿਅਕਤੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ; ਅਤੇ

◆ ਉਸ ਵਿਅਕਤੀ ਅਤੇ/ਜਾਂ ਉਸਦੇ ਜੀਵਨਸਾਥੀ/ਸਹਿਵਾਸ ਕਰਨ ਵਾਲੇ ਸਾਥੀ (ਜੇਕਰ ਲਾਗੂ ਹੁੰਦਾ ਹੈ ਤਾਂ) ਪੰਨਾ 5 'ਤੇ ਨੋਟ ਦੇਖੋ ਦੀ ਮਹੀਨਾਵਾਰ ਆਮਦਨ ਅਤੇ ਸੰਪੱਤੀ ਨਿਰਦਿਸ਼ਟ ਕੀਤੀਆਂ ਸੀਮਾਵਾਂ ਤੋਂ ਜ਼ਿਆਦਾ <u>ਨਹੀਂ</u> ਹੋਣੀ ਚਾਹੀਦੀ।

(6) ਗੁਆਂਗਡੋਂਗ ਸਕੀਮ

◆ ਉਸ ਵੱਲੋਂ ਗੁਆਂਗਡੋਂਗ ਵਿਖੇ ਰਿਹਾਇਸ਼ ਕਰਨ ਦੀ ਚੋਣ ਕੀਤੀ ਹੋਣੀ ਚਾਹੀਦੀ ਹੈ;

◆ ਜੇਕਰ ਉਹ ਵਿਅਕਤੀ ਹਾਂਗ ਕਾਂਗ ਵਿਖੇ ਸਰਕਾਰੀ ਕਿਰਾਏ ਵਾਲੇ ਮਕਾਨਾਂ ਦਾ ਇੱਕ ਅਧਿਕਾਰਿਤ ਕਿਰਾਏਦਾਰ ਹੈ, ਤਾਂ ਉਸਨੂੰ ਹਾਂਗ ਕਾਂਗ ਛੱਡਣ ਤੋਂ ਪਹਿਲਾਂ ਆਪਣਾ ਸਰਕਾਰੀ ਕਿਰਾਏ ਵਾਲੇ ਮਕਾਨਾਂ ਦਾ ਯੂਨਿਟ ਛੱਡਣਾ ਪਵੇਗਾ ਜਾਂ ਕਿਰਾਏਦਾਰੀ ਵਿੱਚੋਂ ਆਪਣਾ ਨਾਮ ਮਿਟਾਉਣਾ ਪਵੇਗਾ; ਅਤੇ

◆ ਉਸ ਵਿਅਕਤੀ ਲਈ ਬੁਢਾਪੇ ਸੰਬੰਧੀ ਭੱਤੇ/ ਬੁਢਾਪਾ ਕੱਟਣ ਸੰਬੰਧੀ ਭੱਤੇ ਲਈ ਹੇਠਾਂ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

(i) ਬੁਢਾਪੇ ਸੰਬੰਧੀ ਭੱਤਾ

◆ ਉਸ ਦੀ ਉਮਰ 70 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ।

(ii) ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ/ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ

◆ ਉਸ ਵਿਅਕਤੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ; ਅਤੇ

◆ ਉਸ ਵਿਅਕਤੀ ਅਤੇ/ਜਾਂ ਉਸਦੇ ਜੀਵਨਸਾਥੀ/ਸਹਿਵਾਸ ਕਰਨ ਵਾਲੇ ਸਾਥੀ (ਜੇਕਰ ਲਾਗੂ ਹੁੰਦਾ ਹੈ ਤਾਂ) ਪੰਨਾ 5 'ਤੇ ਨੋਟ ਦੇਖੋ ਦੀ ਮਹੀਨਾਵਾਰ ਆਮਦਨ ਅਤੇ ਸੰਪੱਤੀ ਨਿਰਦਿਸ਼ਟ ਕੀਤੀਆਂ ਸੀਮਾਵਾਂ ਤੋਂ ਜ਼ਿਆਦਾ <u>ਨਹੀਂ</u> ਹੋਣੀ ਚਾਹੀਦੀ।

(7) ਫੂਜਾਨ ਸਕੀਮ

◆ ਉਸ ਵੱਲੋਂ ਫੂਜਾਨ ਵਿਖੇ ਰਿਹਾਇਸ਼ ਕਰਨ ਦੀ ਚੋਣ ਕੀਤੀ ਹੋਣੀ ਚਾਹੀਦੀ ਹੈ;

◆ ਜੇਕਰ ਉਹ ਵਿਅਕਤੀ ਹਾਂਗ ਕਾਂਗ ਵਿਖੇ ਸਰਕਾਰੀ ਕਿਰਾਏ ਵਾਲੇ ਮਕਾਨਾਂ ਦਾ ਇੱਕ ਅਧਿਕਾਰਿਤ ਕਿਰਾਏਦਾਰ ਹੈ, ਤਾਂ ਉਸਨੂੰ ਹਾਂਗ ਕਾਂਗ ਛੱਡਣ ਤੋਂ ਪਹਿਲਾਂ ਆਪਣਾ ਸਰਕਾਰੀ ਕਿਰਾਏ ਵਾਲੇ ਮਕਾਨਾਂ ਦਾ ਯੂਨਿਟ ਛੱਡਣਾ ਪਵੇਗਾ ਜਾਂ ਕਿਰਾਏਦਾਰੀ ਵਿੱਚੋਂ ਆਪਣਾ ਨਾਮ ਮਿਟਾਉਣਾ ਪਵੇਗਾ; ਅਤੇ

◆ ਉਸ ਵਿਅਕਤੀ ਲਈ ਬੁਢਾਪੇ ਸੰਬੰਧੀ ਭੱਤੇ/ ਬੁਢਾਪਾ ਕੱਟਣ ਸੰਬੰਧੀ ਭੱਤੇ ਲਈ ਹੇਠਾਂ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

(i) ਬੁਢਾਪੇ ਸੰਬੰਧੀ ਭੱਤਾ

- ◆ ਉਸ ਦੀ ਉਮਰ 70 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ।

(ii) ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ/ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ

- ◆ ਉਸ ਵਿਅਕਤੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਦੀ ਹੋਣੀ ਚਾਹੀਦੀ ਹੈ; ਅਤੇ
- ◆ ਉਸ ਵਿਅਕਤੀ ਅਤੇ/ਜਾਂ ਉਸਦੇ ਜੀਵਨਸਾਥੀ/ਸਹਿਵਾਸ ਕਰਨ ਵਾਲੇ ਸਾਥੀ (ਜੇਕਰ ਲਾਗੂ ਹੁੰਦਾ ਹੈ ਤਾਂ) [ਪੰਨਾ 5 'ਤੇ ਨੋਟ ਦੇਖੋ] ਦੀ ਮਹੀਨਾਵਾਰ ਆਮਦਨ ਅਤੇ ਸੰਪੱਤੀ ਨਿਰਦਿਸ਼ਟ ਕੀਤੀਆਂ ਸੀਮਾਵਾਂ ਤੋਂ ਜ਼ਿਆਦਾ <u>ਨਹੀਂ</u> ਹੋਣੀ ਚਾਹੀਦੀ।

ਨੋਟ ਕਰੋ: ਜੇਕਰ ਬਿਨੈਕਾਰ ਦੀ ਵਿਵਾਹਕ ਸਥਿਤੀ "ਕਦੇ ਵਿਆਹ ਨਹੀਂ ਕੀਤਾ", "ਜੀਵਨ ਸਾਥੀ ਤੋਂ ਅਲੱਗ ਹੋਏ", "ਤਲਾਕ ਹੋਇਆ" ਜਾਂ "ਵਿਧਵਾ" ਹੈ, ਤਾਂ ਉਸ ਨੂੰ ਸਿਰਫ਼ ਆਪਣੇ ਨਿੱਜੀ ਵੇਰਵੇ ਅਤੇ ਉਸਦੀ ਆਪਣੀ ਆਮਦਨ ਅਤੇ ਸੰਪੱਤੀ ਸੰਬੰਧੀ ਜਾਣਕਾਰੀ ਦੇਣ ਦੀ ਲੋੜ ਹੈ। ਜੇਕਰ ਬਿਨੈਕਾਰ ਦੀ ਵਿਵਾਹਕ ਸਥਿਤੀ "ਸ਼ਾਦੀਸ਼ੁਦਾ" ਜਾਂ "ਪਤੀ-ਪਤਨੀ ਦੀ ਤਰ੍ਹਾਂ ਰਹਿਣਾ ਜਾਂ ਸਹਿਵਾਸ ਕਰਨਾ*" ਹੈ, ਤਾਂ ਬਿਨੈਕਾਰ ਲਈ ਲੋੜੀਂਦਾ ਹੈ ਕਿ ਉਹ ਆਪਣੇ ਜੀਵਨਸਾਥੀ/ਸਹਿਵਾਸ ਕਰਨ ਵਾਲੇ ਸਾਥੀ ਦੇ ਨਿੱਜੀ ਵੇਰਵੇ ਅਤੇ ਉਹਨਾਂ ਦੀ ਆਮਦਨ ਅਤੇ ਸੰਪੱਤੀ ਸੰਬੰਧੀ ਜਾਣਕਾਰੀ ਪ੍ਰਦਾਨ ਕਰੇ।

[*ਸਿਰਫ ਉਹਨਾਂ ਮਾਮਲਿਆਂ ਲਈ ਲਾਗੂ ਹੁੰਦਾ ਹੈ ਜਿਸ ਵਿੱਚ ਬਿਨੈਕਾਰ (i) ਵਰਤਮਾਨ ਵਿੱਚ ਇੱਕੋ ਘਰ ਅੰਦਰ ਆਪਣੇ ਸਹਿਵਾਸੀ ਸਾਥੀ ਨਾਲ ਰਹਿ ਰਿਹਾ/ਰਹੀ ਹੈ; (ii) ਸਹਿਵਾਸੀ ਸਾਥੀ ਨਾਲ ਸਾਂਝੇ ਕੀਤੇ ਜਾਣ ਵਾਲੇ ਸਰੋਤਾਂ ਦੇ ਆਧਾਰ 'ਤੇ ਗੁਜ਼ਾਰਾ ਕਰ ਰਿਹਾ ਹੈ; ਅਤੇ (iii) ਐਸ.ਡਬਲਿਊ.ਡੀ. (SWD) ਨੂੰ ਆਪਣੇ ਸਹਿਵਾਸੀ ਸਾਥੀ ਦੀ ਨਿੱਜੀ ਅਤੇ ਵਿੱਤੀ ਜਾਣਕਾਰੀ ਦੇਣ ਲਈ ਰਾਜ਼ੀ ਹੋ ਜਾਂਦਾ ਹੈ, ਭਾਵੇਂ ਬਿਨੈਕਾਰ ਦੇ ਸਹਿਵਾਸੀ ਸਾਥੀ ਵੱਲੋਂ ਮੌਜੂਦਾ ਸਮੇਂ ਵਿੱਚ ਸਧਾਰਨ ਬੁਢਾਪਾ ਕੱਟਣ ਸੰਬੰਧੀ ਭੱਤਾ/ਉੱਚ ਬੁਢਾਪਾ ਕੱਟਣ ਸੰਬੰਧੀ ਭੱਤਾ/ਹੋਰ ਕੋਈ ਭੱਤਾ ਪ੍ਰਾਪਤ ਕੀਤਾ ਜਾ ਰਿਹਾ ਹੈ ਜਾਂ ਨਹੀਂ। ਅਜਿਹੀ ਅਰਜ਼ੀ ਨੂੰ "ਸ਼ਾਦੀਸ਼ੁਦਾ ਜੋੜਿਆਂ ਲਈ ਵਿੱਤੀ ਸਰੋਤ ਸੀਮਾਵਾਂ" ਦੇ ਆਧਾਰ 'ਤੇ ਸਾਧਨ ਜਾਂਚ ਮੁਲਾਂਕਣ ਦੇ ਅਧੀਨ ਕੀਤਾ ਜਾਵੇਗਾ।]

**ਅਰਜ਼ੀ ਕਿਵੇਂ ਦੇਣੀ ਹੈ**

ਬੁਢਾਪੇ ਸੰਬੰਧੀ ਭੱਤੇ/ਅਯੋਗਤਾ ਭੱਤੇ/ਬੁਢਾਪਾ ਕੱਟਣ ਸੰਬੰਧੀ ਭੱਤੇ ਦਾ ਬਿਨੈਕਾਰ ਜਾਂ ਉਸਦਾ ਕੋਈ ਰਿਸ਼ਤੇਦਾਰ/ਦੋਸਤ ਇਸ ਸੰਬੰਧੀ ਅਰਜ਼ੀ ਆਪਣੀ ਰਿਹਾਇਸ਼ ਵਾਲੀ ਥਾਂ ਦੇ ਨੇੜੇ ਦੇ ਸਮਾਜਿਕ ਸੁਰੱਖਿਆ ਖੇਤਰ ਯੂਨਿਟ (ਐਸ.ਐਸ.ਐਫ.ਯੂ.) (SSFU) 'ਤੇ ਸਿੱਧਾ ਫ਼ੋਨ, ਫੈਕਸ, ਈਮੇਲ ਜਾਂ ਡਾਕ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਖੁਦ ਜਾ ਕੇ ਦੇ ਸਕਦਾ ਹੈ। ਇਸ ਸੰਬੰਧੀ ਅਰਜ਼ੀ ਕਿਸੇ ਹੋਰ ਸਰਕਾਰੀ ਵਿਭਾਗ ਜਾਂ ਗੈਰ ਸਰਕਾਰੀ ਸੰਸਥਾ ਵੱਲੋਂ ਐਸ.ਡਬਲਿਊ.ਡੀ. (SWD) ਲਈ ਹਵਾਲਾ ਪ੍ਰੋਗਰਾਮ ਦੇ ਰਾਹੀਂ ਵੀ ਦਿੱਤੀ ਜਾ ਸਕਦੀ ਹੈ। ਬਿਨੈਕਾਰ ਵੱਲੋਂ ਐਸ.ਡਬਲਿਊ.ਡੀ. (SWD) ਦੀ ਵੈੱਬਸਾਈਟ (http://www.swd.gov.hk) ਤੋਂ ਵੀ "ਸਮਾਜਿਕ ਸੁਰੱਖਿਆ ਭੱਤੇ ਸੰਬੰਧੀ ਅਰਜ਼ੀ ਫ਼ਾਰਮ" ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਉਹ ਪੂਰਾ ਕੀਤਾ ਫ਼ਾਰਮ ਸਾਰੇ ਢੁਕਵੇਂ ਸਮਰਥਕ ਦਸਤਾਵੇਜ਼ਾਂ ਦੀਆਂ ਫ਼ੋਟੋਕਾਪੀਆਂ ਦੇ ਨਾਲ ਐਸ.ਐਸ.ਐਫ.ਯੂ. (SSFU) ਨੂੰ ਡਾਕ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਜਾ ਕੇ ਜਮ੍ਹਾਂ ਕਰਵਾ ਸਕਦਾ/ਸਕਦੀ ਹੈ।

ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ ਦੇ ਬਿਨੈਕਾਰ ਲਈ ਅਰਜ਼ੀ ਦੀ ਪ੍ਰਕਿਰਿਆ ਨੂੰ ਹਾਂਗ ਕਾਂਗ ਵਿਖੇ ਪੂਰਾ ਕਰਨਾ ਲਾਜ਼ਮੀ ਹੈ, ਪਰ ਇਹ ਕਰਨ ਤੋਂ ਪਹਿਲਾਂ ਬਿਨੈਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਪੂਰਾ ਕੀਤਾ "ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ ਅਰਜ਼ੀ ਫ਼ਾਰਮ" ਅਤੇ ਇਸਦੇ ਨਾਲ ਦੋ ਹਾਲੀਆ ਫ਼ੋਟੋਆਂ ਅਤੇ ਸਾਰੇ ਢੁਕਵੇਂ ਸਮਰਥਕ ਦਸਤਾਵੇਜ਼ਾਂ ਦੀਆਂ ਫ਼ੋਟੋਕਾਪੀਆਂ, ਸਮਾਜਿਕ ਸੁਰੱਖਿਆ ਖੇਤਰ ਯੂਨਿਟ (ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ) ਵਿਖੇ ਡਾਕ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਜਾ ਕੇ ਜਮ੍ਹਾਂ ਕਰੇ।

ਨੋਟ ਕਰੋ:

ਐਸ.ਡਬਲਿਊ.ਡੀ. (SWD) ਵਲੋਂ ਭੱਤੇ ਲਈ ਯੋਗ ਉਮਰ (ਜੋ ਕਿ 65ਵਾਂ ਜਾਂ 70ਵਾਂ ਜਨਮਦਿਨ ਹੁੰਦਾ ਹੈ) ਤੱਕ ਪਹੁੰਚਣ ਤੋਂ ਇੱਕ ਮਹੀਨੇ ਪਹਿਲਾਂ ਦੀ ਮਿਆਦ ਦੌਰਾਨ ਬਿਨੈਕਾਰ ਤੋਂ ਬੁਢਾਪਾ ਕੱਟਣ ਸੰਬੰਧੀ ਭੱਤੇ/ਬੁਢਾਪੇ ਸੰਬੰਧੀ ਭੱਤੇ (ਜਿਸ ਵਿੱਚ ਗੁਆਂਗਡੋਂਗ ਸਕੀਮ/ ਫੂਜਾਨ ਸਕੀਮ ਦੇ ਅਧੀਨ ਬੁਢਾਪਾ ਕੱਟਣ ਸੰਬੰਧੀ ਭੱਤੇ/ਬੁਢਾਪੇ ਸੰਬੰਧੀ ਭੱਤੇ ਸ਼ਾਮਲ ਹਨ) ਲਈ ਅਰਜ਼ੀਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ। ਇਸ ਵਿਵਸਥਾ ਦੇ ਅਧੀਨ, ਬੁਢਾਪਾ ਕੱਟਣ ਸੰਬੰਧੀ ਭੱਤੇ/ਬੁਢਾਪੇ ਸੰਬੰਧੀ ਭੱਤੇ (ਜਿਸ ਵਿੱਚ ਗੁਆਂਗਡੋਂਗ ਸਕੀਮ/ ਫੂਜਾਨ ਸਕੀਮ ਦੇ ਅਧੀਨ ਬੁਢਾਪਾ ਕੱਟਣ ਸੰਬੰਧੀ ਭੱਤੇ/ਬੁਢਾਪੇ ਸੰਬੰਧੀ ਭੱਤੇ ਸ਼ਾਮਲ ਹਨ) ਦੀ ਗਣਨਾ ਉਸ ਤਾਰੀਖ਼ ਤੋਂ ਕੀਤੀ ਜਾਵੇਗੀ ਜਿਸ ਤਾਰੀਖ਼ ਨੂੰ ਬਿਨੈਕਾਰ ਯੋਗ ਉਮਰ ਦਾ ਹੋ ਜਾਂਦਾ ਹੈ ਅਤੇ ਸਾਰੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੈ।

## ਪੁੱਛਗਿੱਛਾਂ

ਐਸ.ਐਸ.ਏ. (SSA) ਸਕੀਮ ਬਾਰੇ ਹੋਣ ਜਾਣਕਾਰੀ ਲਈ, ਕਿਰਪਾ ਕਰਕੇ ਐਸ.ਡਬਲਿਊ.ਡੀ. (SWD) ਦੀ ਵੈੱਬਸਾਈਟ (http://www.swd.gov.hk) ਜਾਂ ਗੁਆਂਗਡੋਂਗ ਸਕੀਮ ਦੀ ਵੈੱਬਸਾਈਟ (http://www.swd.gov.hk/gds) ਜਾਂ ਫੂਜਾਨ ਸਕੀਮ ਦੀ ਵੈੱਬਸਾਈਟ (http://www.swd.gov.hk/fjs) 'ਤੇ ਜਾਓ। ਐਸ.ਐਸ.ਏ. (SSA) ਸਕੀਮ ਸੰਬਧੀ ਪੁੱਛਗਿੱਛਾਂ ਨੂੰ ਵਿਭਾਗ ਦੀ ਹੋਟਲਾਈਨ ਸੇਵਾ ਯੂਨਿਟ (ਟੈਲੀਫ਼ੋਨ ਨੰ.: 2343 2255, ਫ਼ੈਕਸ ਨੰ.: 2763 5874) 'ਤੇ ਜਾਂ ਨਜ਼ਦੀਕੀ ਐਸ.ਐਸ.ਐਫ.ਯੂ. (SSFU) ਜਾਂ ਸਮਾਜਿਕ ਸੁਰੱਖਿਆ ਖੇਤਰ ਯੂਨਿਟ (ਗੁਆਂਗਡੋਂਗ ਸਕੀਮ ਅਤੇ ਫੂਜਾਨ ਸਕੀਮ) ਵਿਖੇ ਕੀਤਾ ਜਾ ਸਕਦਾ ਹੈ।

**ਅਕਤੂਬਰ 2020**

# Social Security Allowance Scheme

The Social Security Allowance (SSA) Scheme which is administered by the Social Welfare Department (SWD) includes Old Age Allowance, Normal Disability Allowance, Higher Disability Allowance, Normal Old Age Living Allowance, Higher Old Age Living Allowance, Guangdong Scheme and Fujian Scheme.

The SSA Scheme is non-contributory. Old Age Allowance and Disability Allowance are designed to provide a monthly allowance to Hong Kong residents who are 70 years of age or above or who are severely disabled to meet their special needs arising from old age or disability respectively. Normal Old Age Living Allowance and Higher Old Age Living Allowance are to provide a special allowance per month to supplement the living expenses of Hong Kong residents aged 65 or above who are in need of financial support. Guangdong Scheme and Fujian Scheme comprise Old Age Allowance, Normal Old Age Living Allowance and Higher Old Age Living Allowance respectively to provide monthly allowance for eligible Hong Kong residents who choose to reside in Guangdong (only applicable to Guangdong Scheme) or Fujian (only applicable to Fujian Scheme).

Applicants of Disability Allowance and Old Age Allowance (including Old Age Allowance under Guangdong Scheme and Fujian Scheme) under the SSA Scheme are not required to go through a means test.

## Eligibility Criteria

A person is eligible for an allowance under the SSA Scheme if he/she:

(a) satisfies the following residence requirements:

(1) he/she must have been a Hong Kong resident for at least seven years; and

(2) he/she must have resided in Hong Kong continuously for at least one year immediately before the date of application (absence from Hong Kong up to a maximum of 56 days during the one-year period is treated as residence in Hong Kong).

Note: (i) Persons whose presence in Hong Kong is unlawful or persons who are permitted to stay in Hong Kong for a purpose other than residence (for example, imported workers or visitors) are excluded from the SSA Scheme.

(ii) Hong Kong residents aged below 18 applying for Disability Allowance are exempted from the residence requirements in (1) and (2) above.

(iii) In determining whether an applicant has resided in Hong Kong continuously for at least one year immediately before the date of application, consideration can be given to disregarding absences arising from full-time study (for Disability Allowance applicants only) or paid work outside Hong Kong during the one-year period, subject to there being sufficient documentary proof. Where an applicant has been absent from Hong Kong for more than 56 days during the one-year period because of the need to receive medical treatment outside Hong Kong, the Director of Social Welfare can consider exercising his discretion to disregard the absences exceeding the 56-day limit, subject to the reason for and evidence of receiving medical treatment outside Hong Kong being established.

(iv) Absence from Hong Kong means leaving Hong Kong for the Mainland, Macao or overseas countries/territories.

(b) continues to reside in Hong Kong (only applicable to Old Age Allowance/Disability Allowance/Old Age Living Allowance)/Guangdong (only applicable to Guangdong Scheme)/Fujian (only applicable to Fujian Scheme) during receipt of payment;

(c) is not in receipt of any other allowance under the SSA Scheme or assistance under the Comprehensive Social Security Assistance Scheme;

(d) is not being detained in legal custody or admitted to a penal institution; and

(e) fulfils the following eligibility criteria required by the individual allowance:

(1) Old Age Allowance

◆ he/she is aged 70 or above.

(2) Normal Disability Allowance

- he/she is certified by the Director of Health or the Chief Executive, Hospital Authority (or under exceptional circumstances by a registered medical practitioner of a private hospital) to be severely disabled; and
- his/her disabling condition will persist for at least 6 months.

(3) Higher Disability Allowance

- in addition to meeting the eligibility criteria for Normal Disability Allowance above, he/she must be certified by the Director of Health or the Chief Executive, Hospital Authority (or under exceptional circumstances by a registered medical practitioner of a private hospital) to be in need of constant attendance from others in his/her daily life; and
- he/she is not receiving care in residential institutions subsidised by the government (including subsidised places in subvented/contract homes and residential care homes under various bought place schemes) or all public hospitals and institutions under the Hospital Authority, or boarding in special schools under the Education Bureau.

(4) Normal Old Age Living Allowance

- he/she is aged 65 or above; and
- he/she and/or his/her spouse/cohabiting partner (if applicable) see note on page 4 has/have a monthly income and assets not exceeding the prescribed limits.

(5) Higher Old Age Living Allowance

- he/she is aged 65 or above; and
- he/she and/or his/her spouse/cohabiting partner (if applicable) see note on page 4 has/have a monthly income and assets not exceeding the prescribed limits.

(6) Guangdong Scheme

- he/she chooses to reside in Guangdong;
- if he/she is an authorised public rental housing tenant in Hong Kong, he/she is required to surrender his/her public rental housing unit or delete his/her name from the tenancy before leaving Hong Kong; and
- he/she fulfils the following eligibility criteria for Old Age Allowance/Old Age Living Allowance:

  (i) Old Age Allowance

  - he/she is aged 70 or above.

  (ii) Normal Old Age Living Allowance/Higher Old Age Living Allowance

  - he/she is aged 65 or above; and
  - he/she and/or his/her spouse/cohabiting partner (if applicable) see note on page 4 has/have a monthly income and assets not exceeding the prescribed limits.

(7) Fujian Scheme

- he/she chooses to reside in Fujian;
- if he/she is an authorised public rental housing tenant in Hong Kong, he/she is required to surrender his/her public rental housing unit or delete his/her name from the tenancy before leaving Hong Kong; and
- he/she fulfils the following eligibility criteria for Old Age Allowance/Old Age Living Allowance:

  (i) Old Age Allowance

  - he/she is aged 70 or above.

  (ii) Normal Old Age Living Allowance/Higher Old Age Living Allowance

  - he/she is aged 65 or above; and
  - he/she and/or his/her spouse/cohabiting partner (if applicable) see note on page 4 has/have a monthly income and assets not exceeding the prescribed limits.

Note: If an applicant's marital status is "Never Married", "Separated", "Divorced" or "Widowed", he/she is only required to provide his/her personal particulars and information on his/her own income and assets. If an applicant's marital status is "Married" or "Cohabiting*", the applicant is required to provide his/her spouse's/cohabiting partner's personal particulars and information on income and assets.

[*Only applicable to cases where the applicant (i) is currently living with a cohabiting partner in the same household; (ii) is living on shared resources with the cohabiting partner; and (iii) agrees to provide the personal and financial information of the cohabiting partner to the SWD, regardless of whether the applicant's cohabiting partner is/is not currently receiving the Normal Old Age Living Allowance/Higher Old Age Living Allowance/other allowance. Such application will be subject to the means test assessment based on the "Financial Resource Limits for Married Couples".]

## How to Apply

An Old Age Allowance/Disability Allowance/Old Age Living Allowance applicant or his/her relative/friend can make an application directly with a social security field unit (SSFU) near to his/her place of residence by phone, by fax, by e-mail, by post or in person. An application may also be made through referral to SWD by another government department or a non-governmental organisation. The applicant can also download the "Social Security Allowance Application Form" from SWD's website (http://www.swd.gov.hk) and return the completed application form together with photocopies of relevant supporting documents to the SSFU by post or in person.

An applicant of Guangdong Scheme and Fujian Scheme must complete the application procedures in person in Hong Kong, prior to which the applicant is required to return the completed "Guangdong Scheme and Fujian Scheme Application Form" together with two recent photos and photocopies of all relevant supporting documents to the Social Security Field Unit (Guangdong Scheme and Fujian Scheme) by post or in person first.

Note:
SWD accepts application for Old Age Living Allowance/Old Age Allowance (including the Old Age Living Allowance/Old Age allowance under the Guangdong Scheme/Fujian Scheme) within one month prior to the applicant's reaching the respective qualifying age (i.e. the $65^{th}$ or $70^{th}$ birthday) for the allowance. Under this arrangement, the payment of Old Age Living Allowance/Old Age Allowance (including the Old Age Living Allowance/Old Age allowance under the Guangdong Scheme/Fujian Scheme) will be calculated from the date of applicant fulfils the qualifying age and satisfies all the eligibility criteria.

## Enquiries

For more information about the SSA Scheme, please visit the SWD's website (http://www.swd.gov.hk) or Guangdong Scheme website (http://www.swd.gov.hk/gds) or Fujian Scheme website (http://www.swd.gov.hk/fjs). Enquiries about the SSA Scheme can be made to the Departmental Hotline Service Unit (Telephone no.: 2343 2255, Fax no.: 2763 5874) or the nearest SSFU or the Social Security Field Unit (Guangdong Scheme and Fujian Scheme).

**October 2020**